Australian Government

Inspector-General of Taxation

Taxation Ombudsman

# ਟੈਕਸ ਬਾਰੇ ਸ਼ਿਕਾਇਤ ਕਰਨੀ ਹੈ?

Punjabi

# ਅਸੀਂ ਕੌਣ ਹਾਂ

ਇੰਸਪੈਕਟਰ-ਜਨਰਲ ਅਤੇ ਟੈਕਸ ਲੋਕਪਾਲ [The Inspector-General & Taxation Ombudsman – IGTO] ਇੱਕ ਸੁਤੰਤਰ ਸੰਘੀ ਸਰਕਾਰ ਦਾ ਅਦਾਰਾ ਹੈ ਜੋ ਆਸਟਰੇਲੀਅਨ ਟੈਕਸੇਸ਼ਨ ਆਫਿਸ [Australian Taxation Office – ATO] ਅਤੇ ਟੈਕਸ ਪ੍ਰੈਕਟੀਸ਼ਨਰਜ਼ ਬੋਰਡ [Tax Practitioners Board – TPB) ਦੀਆਂ ਪ੍ਰਸ਼ਾਸਕੀ ਕਾਰਵਾਈਆਂ ਦੇ ਬਾਰੇ ਤੁਹਾਡੀਆਂ ਸ਼ਿਕਾਇਤਾਂ ਸੰਬੰਧੀ ਤੁਹਾਡੀ ਮਦਦ ਕਰਨ ਵਾਸਤੇ ਜ਼ਿੰਮੇਵਾਰ ਹੈ।



1300 44 88 29
(ਸਥਾਨਕ ਕਾਲ ਦੀ ਲਾਗਤ)

# ਅਸੀਂ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ

ਅਸੀਂ ਇੱਕ ਸੁਤੰਤਰ, ਮੁਫ਼ਤ, ਟੈਕਸ ਵਿਸ਼ੇਸ਼ੱਗ ਸੇਵਾ ਪ੍ਰਦਾਨ ਕਰਾਉਂਦੇ ਹਾਂ ਤਾਂ ਜੋ ਤੁਹਾਡੀਆਂ ਸ਼ਿਕਾਇਤਾਂ ਦਾ ਨਿਵਾਰਣ ਕਰਨ ਵਿੱਚ ਤੁਹਾਡੀ ਮਦਦ ਕੀਤੀ ਜਾ ਸਕੇ।

'ਪ੍ਰਸ਼ਾਸਕੀ ਕਾਰਵਾਈ' ਇੱਕ ਵਿਸ਼ਾਲ ਸ਼ਬਦ ਹੈ ਜੋ ਆਮ ਤੌਰ 'ਤੇ ATO ਜਾਂ TPB ਦੇ ਤੁਹਾਡੇ ਨਾਲ ਕਾਰ-ਵਿਹਾਰਾਂ ਜਾਂ ਅੰਤਰਕਿਰਿਆਵਾਂ ਵਿੱਚ ਸਾਫ਼ਗੋਈ ਅਤੇ ਵਾਜਬਪਣ ਨੂੰ ਕਵਰ ਕਰਦਾ ਹੈ।

ਜਿੱਥੇ IGTO ਤੁਹਾਡੀ ਮਦਦ ਕਰ ਸਕਦਾ ਹੈ, ਉਹਨਾਂ ਉਦਾਹਰਨਾਂ ਵਿੱਚ ਨਿਮਨਲਿਖਤ ਸ਼ਾਮਲ ਹਨ, ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ:

- ਤੁਹਾਡੀਆਂ ਬੇਨਤੀਆਂ ਦੇ ਜਵਾਬਾਂ ਦਾ ਸਮੇਂ-ਸਿਰ ਹੋਣਾ;
- ATO ਜਾਂ TPB ਅਫ਼ਸਰਾਂ ਦਾ ਵਿਵਹਾਰ;
- ਔਨਲਾਈਨ ਸੇਵਾਵਾਂ ਦੀ ਉਪਲਬਧਤਾ;

- ATO ਜਾਂ TPB ਵੱਲੋਂ ਕੀਤੀਆਂ ਕਾਰਵਾਈਆਂ ਦੇ ਸਪੱਸ਼ਟੀਕਰਨ ਦਾ ਭਰੋਸਾ ਜਾਂ ਉਚਿਤਤਾ;
- ਯਕੀਨੀ ਬਣਾਉਣਾ ਕਿ ATO ਜਾਂ TPB ਦੀਆਂ ਕਾਰਵਾਈਆਂ ਉਹਨਾਂ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਨਾਲ ਮੇਲ਼ ਖਾਂਦੀਆਂ ਹਨ; ਅਤੇ
- ਯਕੀਨੀ ਬਣਾਉਣਾ ਕਿ ATO ਜਾਂ TPB ਤੁਹਾਡੇ ਨਾਲ ਵਾਜਬ ਅਤੇ ਪਾਰਦਰਸ਼ੀ ਤਰੀਕੇ ਨਾਲ ਵਿਵਹਾਰ ਕਰਦੇ ਹਨ ਅਤੇ ਲੇਖਾ-ਪੜਤਾਲਾਂ ਅਤੇ ਜਾਂਚਾਂ ਸਮੇਤ, ਸਾਰੀ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਦੇ ਹਨ।

ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਜੇ ਅਸੀਂ ਸਿੱਧੇ ਤੌਰ ’ਤੇ ਤੁਹਾਡੀ ਸਹਾਇਤਾ ਕਰਨ ਦੇ ਯੋਗ ਨਹੀਂ ਹਾਂ, ਤਾਂ ਤੁਹਾਡੀ ਮਦਦ ਕਰਨ ਲਈ ਅਸੀਂ ਸਭ ਤੋਂ ਉਚਿਤ ਅਦਾਰੇ ਜਾਂ ਸੰਸਥਾ ਬਾਰੇ ਸਲਾਹ ਪ੍ਰਦਾਨ ਕਰਾਉਣ ਲਈ ਆਪਣੀ ਪੂਰੀ ਵਾਹ ਲਾਵਾਂਗੇ।

GPO Box 551, Sydney NSW 2001

# ਸ਼ਿਕਾਇਤ ਪ੍ਰਕਿਰਿਆ

ਸਾਡੇ ਦਫ਼ਤਰ ਵਿੱਚ ਆਪਣੀ ਸ਼ਿਕਾਇਤ ਦਾਇਰ ਕਰਨ ਲਈ, “ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ” (How to contact us) ਸੈਕਸ਼ਨ ਦੇਖੋ।

ਤੁਹਾਡੇ ਵੱਲੋਂ ਸ਼ਿਕਾਇਤ ਦਾਇਰ ਕਰਨ ਦੇ ਬਾਅਦ, ਇੱਕ IGTO ਜਾਂਚ ਅਫਸਰ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਪੁਸ਼ਟੀ ਕਰਨ ਲਈ ਅਤੇ ਸ਼ਿਕਾਇਤ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

ਜੇ ਸੰਭਵ ਹੋਇਆ ਤਾਂ ਤੁਹਾਡੀ ਸ਼ਿਕਾਇਤ ਦਾ ਹੱਲ ਕਰਨ ਲਈ ਅਸੀਂ ਸਿੱਧੇ ਤੌਰ ’ਤੇ ਤੁਹਾਡੀ ਮਦਦ ਕਰਾਂਗੇ।

ਸਾਨੂੰ ਤੁਹਾਡੇ ਕੋਲੋਂ, ATO ਜਾਂ TPB ਕੋਲੋਂ ਹੋਰ ਵਧੀਕ ਜਾਣਕਾਰੀ ਹਾਸਲ ਕਰਨ ਦੀ ਲੋੜ ਪੈ ਸਕਦੀ ਹੈ ਤਾਂ ਜੋ ਤੁਹਾਡੀ ਸ਼ਿਕਾਇਤ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਜਾ ਸਕੇ ਅਤੇ ਇਹ ਪਤਾ ਲਾਇਆ ਜਾ ਸਕੇ ਕਿ ਅਸੀਂ ਸਭ ਤੋਂ ਵਧੀਆ ਤਰੀਕੇ ਨਾਲ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ।

ਅਸੀਂ ਆਪਣੀ ਪ੍ਰਗਤੀ ਬਾਰੇ ਤੁਹਾਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ ਅਤੇ ਇਸ ਸਮੁੱਚੀ ਪ੍ਰਕਿਰਿਆ ਦੌਰਾਨ ਸਾਡੀ ਜਾਂਚ ਬਾਰੇ ਤੁਹਾਨੂੰ ਸਮੇਂ ਬਾਰੇ ਅੰਦਾਜ਼ੇ ਦਿੰਦੇ ਰਹਾਂਗੇ।

# ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ

**www.igt.gov.au**

**1300 44 88 29**
(ਸਥਾਨਕ ਕਾਲ ਦੀ ਲਾਗਤ)

**GPO Box 551**
**Sydney NSW 2001**

ਜੇ ਤੁਸੀਂ ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਕੋਈ ਸ਼ਿਕਾਇਤ ਦਾਇਰ ਕਰਨੀ ਚਾਹੁੰਦੇ ਹੋ ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ [Translating and Interpreting Service – TIS] ਨੂੰ **131 450** ’ਤੇ ਕਾਲ ਕਰੋ।

ਜੇ ਤੁਹਾਨੂੰ ਸੁਣਨ-ਸ਼ਕਤੀ ਸੰਬੰਧੀ ਜਾਂ ਬੋਲਣ ਸੰਬੰਧੀ ਕੋਈ ਵਿਕਾਰ ਹੈ ਅਤੇ ਤੁਹਾਡੇ ਕੋਲ ਉਚਿਤ ਟਾਈਪਰਾਈਟਰ (TTY) ਆਧੁਨਿਕ ਸਾਜ਼ੋ-ਸਮਾਨ ਤੱਕ ਪਹੁੰਚ ਹੈ, ਤਾਂ **13 36 77** ’ਤੇ ਫ਼ੋਨ ਕਰੋ।

ਜੇ ਤੁਹਾਡੇ ਕੋਲ TTY ਜਾਂ ਆਧੁਨਿਕ ਸਾਜ਼ੋ-ਸਮਾਨ ਤੱਕ ਪਹੁੰਚ ਨਹੀਂ ਹੈ, ਤਾਂ ਸਪੀਚ ਤੋਂ ਸਪੀਚ ਰਿਲੇਅ ਸਰਵਿਸ (Speech to Speech Relay Service) ਨੂੰ **1300 555 727** ’ਤੇ ਫ਼ੋਨ ਕਰੋ।